ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-5
ਜਮਾਤ-ਦਸਵੀਂ
ਮਿਤੀ-29/3/2020

81. ਉਪਵਾਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਦੋ ੲ. ਤਿੰਨ ਸ. ਅੱਠ

82. ਕਾਰਜ ਦੇ ਅਧਾਰ 'ਤੇ ਵਾਕ....ਪ੍ਰਕਾਰ ਦੇ ਹੁੰਦੇ ਹਨ।

ੳ. ਚਾਰ ਅ. ਦੋ ੲ. ਤਿੰਨ ਸ.ਅੱਠ

83. ਬਣਤਰ ਦੇ ਅਧਾਰ 'ਤੇ ਵਾਕ....ਪ੍ਰਕਾਰ ਦੇ ਹੁੰਦੇ ਹਨ।

ੳ. ਚਾਰ ਅ. ਦੋ ੲ. ਤਿੰਨ ਸ. ਅੱਠ

84. ਬੱਲੇ, ਉਹਨੇ ਕਿੰਨੀ ਉੱਚੀ ਛਾਲ ਮਾਰੀ ! ਇਹ ਵਾਕ ਦੀ ਕਿਹੜੀ ਕਿਸਮ ਹੈ?

ੳ. ਹਾਂ-ਵਾਚਕ ਵਾਕ ਅ. ਨਾਂਹ-ਵਾਚਕ ਵਾਕ ੲ. ਪ੍ਰਸ਼ਨ-ਵਾਚਕ ਵਾਕ ਸ. ਵਿਸਮੈ-ਵਾਚਕ ਵਾਕ

85. **ਜਿਊਂਦੀ ਮੱਛੀ ਵਹਿਣ ਦੇ ਵਿਰੁੱਧ ਚੱਲਦੀ ਹੈ ਪਰ ਮਰੀ ਹੋਈ ਮੱਛੀ ਵਹਿਣ ਦੇ ਨਾਲ਼ ਚੱਲਦੀ ਹੈ।** ਇਹ ਵਾਕ ਦੀ ਕਿਹੜੀ ਕਿਸਮ ਹੈ?

ੳ. ਸਧਾਰਨ ਵਾਕ ਅ. ਸੰਜੁਗਤ ਵਾਕ ੲ. ਮਿਸ਼ਰਤ ਵਾਕ ਸ. ਇਨ੍ਹਾਂ 'ਚੋਂ ਕੋਈ ਨਹੀਂ

86. ਚਿੰਤਾਤਰ, ਪ੍ਰੇਸ਼ਾਨ, ਫ਼ਿਕਰਮੰਦ ਸ਼ਬਦਾ ਦਾ ਸਮਾਨਾਰਥਕ ਸ਼ਬਦ ਚੁਣੋ।

ੳ. ਉਪਰਾਮ ਅ. ਤਾਂਘ ੲ. ਸਮਝ ਸ. ਸਿਆਣਪ

87. 'ਅਦਭੁਤ' ਸ਼ਬਦ ਦਾ ਸਮਾਨਾਰਥਕ ਸ਼ਬਦ ਦੱਸੋ।

ੳ. ਅਨੋਖਾ ਅ. ਅੜਚਨ ੲ. ਝਿਜਕ ਸ. ਵਾਇਦਾ

88. ਜਦੋਂ ਇੱਕ ਹੀ ਸ਼ਬਦ ਦੇ ਵੱਖ-ਵੱਖ ਪ੍ਰਸੰਗਾਂ ਵਿੱਚ ਵੱਖ-ਵੱਖ ਅਰਥ ਹੋਣ, ਉਸ ਨੂੰ......ਕਹਿੰਦੇ ਹਨ।

ੳ. ਸਮਾਨਾਰਥਕ ਸ਼ਬਦ ਅ. ਵਿਰੋਧਾਰਥਕ ਸ਼ਬਦ

ੲ. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਸ. ਬਹੁਅਰਥਕ ਸ਼ਬਦ

89. 'ਪ੍ਰਗਟ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ।

ੳ. ਹਰਖ ਅ. ਚੰਗਿਆਈ ੲ. ਗੁਪਤ ਸ. ਕ੍ਰਿਤੱਗ

90. ਜਿਹੜਾ ਬੰਦਾ ਕਦੇ ਇੱਕ ਧੜੇ ਨਾਲ਼ ਹੋਵੇ, ਕਦੇ ਦੂਜੇ ਧੜੇ ਨਾਲ਼, ਉਸ ਲਈ ਕਿਹੜੇ ਇੱਕ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ?

ੳ. ਅਹਿਸਾਨਮੰਦ ਅ. ਚੁਫੇਰਗੜੀਆ ੲ. ਵਿਸ਼ਵਾਸ-ਘਾਤੀ ਸ. ਪ੍ਰਤੀਨਿਧ

91. ਗਲ਼ ਪਿਆ ਢੋਲ ਵਜਾਉਣਾ ਦਾ ਅਰਥ ਹੈ, ..............।

ੳ. ਦਿਲ 'ਚ ਬੈਠ ਜਾਣਾ ਅ. ਆਮਦਨ ਅਨੁਸਾਰ ਖ਼ਰਚ ਕਰਨਾ

ੲ. ਨਾਪਸੰਦ ਕੰਮ ਕਰਨਾ ਸ. ਕੋਰਾ ਇਨਕਾਰ ਕਰਨਾ

92. 'ਕਿਸੇ ਨੂੰ ਕੰਮ ਤੋਂ ਇਨਕਾਰ ਕਰਨਾ' ਲਈ ..........ਮੁਹਾਵਰੇ ਦੀ ਵਰਤੋਂ ਕੀਤੀ ਜਾਂਦੀ ਹੈ।

ੳ. ਤਖ਼ਤ ਉਲਟਾਉਣਾ ਅ. ਬਹੁਤ ਆਦਰ ਕਰਨਾ

ੲ. ਨਿੱਖੜ ਜਾਣਾ ਸ. ਟਕੇ ਵਰਗਾ ਜਵਾਬ ਦੇਣਾ

93. ਜਦੋਂ ਹਾਕਮ ਹੀ ਪਰਜਾ ਨੂੰ ਦੁੱਖ ਦੇਣ ਲੱਗ ਪਵੇ ਤਾਂ ਉਸ ਲਈ ' .......' ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ।

ੳ. ਈਦ ਪਿੱਛੋਂ ਤੰਬਾ ਫੂਕਣਾ ਅ. ਇੱਕ ਇੱਕ ਤੇ ਦੋ ਗਿਆਰਾਂ

ੲ. ਡਿੱਗੀ ਖੋਤੇ ਤੋਂ, ਗ਼ੁੱਸਾ ਘੁਮਿਆਰ 'ਤੇ ਸ. ਉਲਟੀ ਵਾੜ ਖੇਤ ਨੂੰ ਖਾਏ

94. ਜਦੋਂ ਕੋਈ ਬਿਨਾਂ ਪੁੱਛੇ ਹੀ ਸਲਾਹ ਦੇਵੇ ਤਾਂ ਉਸ ਲਈ' ..........' ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ।

ੳ. ਈਦ ਪਿੱਛੋਂ ਤੰਬਾ ਫੂਕਣਾ ਅ. ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲ਼ੀ

ੲ. ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ ਸ. ਡਿੱਗੀ ਖੋਤੇ ਤੋਂ, ਗ਼ੁੱਸਾ ਘੁਮਿਆਰ 'ਤੇ

95. ਜਿਸ ਦੇ ਸਿਰ 'ਤੇ ਕਿਸੇ ਤਰ੍ਹਾਂ ਦੀ ਜ਼ੁੰਮੇਵਾਰੀ ਨਾ ਹੋਵੇ , ਉਸ ਲਈ.........ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ।

ੳ. ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ ਅ. ਘਰ ਦੀ ਮੁਰਗ਼ੀ ਦਾਲ਼ ਬਰਾਬਰ

ੲ. ਗਾਂ ਨਾ ਵੱਛੀ, ਨੀਂਦਰ ਆਵੇ ਅੱਛੀ ਸ. ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲ਼ੀ

96. ਨਾਂਵ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਪੰਜ ੲ. ਛੇ ਸ. ਅੱਠ

97. ਪੜਨਾਂਵ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਪੰਜ ੲ. ਛੇ ਸ. ਅੱਠ

98. ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਪੰਜ ੲ. ਛੇ ਸ. ਅੱਠ

99. ਕਿਰਿਆ ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਪੰਜ ੲ. ਛੇ ਸ. ਅੱਠ

100. ਰੂਪ ਦੇ ਪੱਖ ਤੋਂ ਸੰਬੰਧਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਤਿੰਨ ੲ. ਦੋ ਸ. ਅੱਠ

101. ਵਿਸਮਿਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਨੌਂ ਅ. ਪੰਜ ੲ. ਛੇ ਸ. ਅੱਠ

81-ਅ 82-ੳ 83-ੲ 84-ਸ 85-ਅ 86-ੳ 87-ੳ 88-ਸ 89-ੲ 90-ਅ 91-ੲ 92-ਸ 93-ਸ 94-ੲ 95-ੲ 96-ਅ 97-ੲ 98-ਅ 99-ਸ 100-ੲ 101-ੳ

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377